# ਖ਼ੁਲਾਸਾ ਖ਼ੁਤਬਾ ਜੁਮੇਂਆ 01.08.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਭਾਵੇਂ ਲੋਕਾਂ ਨੂੰ ਕੁਰਬਾਨੀਆਂ ਦੇਣੀਆਂ ਪੈਣਗੀਆਂ ਪਰ ਇਹ ਜਮਾਤ ਦਾ ਜੋ ਰੁੱਖ ਹੈ ਜੋ ਅਲੱਾਹ ਤਆਲਾ ਨੇ ਲਾਇਆ ਹੈ ਇਹ ਅਲੱਾਹ ਦੀ ਮਿਹਰ ਨਾਲ ਵੱਧਦਾ, ਫ਼ਲਦਾ ਤੇ ਫ਼ੁਲਦਾ ਰਹੇਗਾ, ਇੰਸ਼ਾਅਲੱਾਹ । ਅਤੇ ਇਹ ਅਗੱਾਂ ਭੜਕਾਉਂਣ ਵਾਲੇ ਆਪ ਆਪਣੇ ਆਪ ਨੂੰ ਇਸੇ ਅੱਗ ਵਿੱਚ ਸੜਦਾ ਹੋਇਆ ਦੇਖਣਗੇ ਜਾਂ ਕਿਸੇਹੋਰ ਸਾਧਨ ਰਾਹੀਂ ਅਲੱਾਹ ਉਹਨਾਂ ਨੂੰ ਹਲਾਕ ਕਰਨ ਦੇ ਸਾਧਨ ਪੈਦਾ ਕਰ ਦੇਵੇਗਾ ।**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਸਯੱਦਨਾ ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿੱਖੀਆਂ ਆਇਤਾਂ ਦੀ ਤਲਾਵਤ ਕੀਤੀ :-

( وَالسَّمَاءِ ذَاتِ الْبُرُوجِ (2) وَالْيَوْمِ الْمَوْعُودِ (3) وَشَاهِدٍ وَمَشْهُودٍ (4) قُتِلَ أَصْحَابُ الْأُخْدُودِ (5) النَّارِ ذَاتِ الْوَقُودِ (6) إِذْ هُمْ عَلَيْهَا قُعُودٌ (7) وَهُمْ عَلَىٰ مَا يَفْعَلُونَ بِالْمُؤْمِنِينَ شُهُودٌ (8) وَمَا نَقَمُوا مِنْهُمْ إِلَّا أَنْ يُؤْمِنُوا بِاللَّهِ الْعَزِيزِ الْحَمِيدِ (9) الَّذِي لَهُ مُلْكُ السَّمَاوَاتِ وَالْأَرْضِ وَاللَّهُ عَلَىٰ كُلِّ شَيْءٍ شَهِيدٌ (10) إِنَّ الَّذِينَ فَتَنُوا الْمُؤْمِنِينَ وَالْمُؤْمِنَاتِ ثُمَّ لَمْ يَتُوبُوا فَلَهُمْ عَذَابُ جَهَنَّمَ وَلَهُمْ عَذَابُ الْحَرِيقِ (11) إِنَّ الَّذِينَ آمَنُوا وَعَمِلُوا الصَّالِحَاتِ لَهُمْ جَنَّاتٌ تَجْرِي مِنْ تَحْتِهَا الْأَنْهَارُ ذَٰلِكَ الْفَوْزُ الْكَبِيرُ (البروج 2-12)

ਇਹਨਾਂ ਆਇਤਾਂ ਦਾ ਅਨੁਵਾਦ ਇਹ ਹੈ ਕਿ : ਮੈਂ ਗ੍ਰਹਾਂ ਵਾਲੇ ਆਕਾਸ਼ ਨੂੰ ਗਵਾਹੀ ਵੱਜੋਂ ਪੇਸ਼ ਕਰਦਾ ਹਾਂ । ਅਤੇ ਉਸ ਦਿਨ ਨੂੰ ਵੀ ਜਿਸਦਾ ਬਚਨ ਦਿਤਾ ਗਿਆ ਹੈ ਅਤੇ ਆਉਣ ਵਾਲੀ ਗਵਾਹੀ ਨੂੰ ਤੇ ਉਸ ਹਸਤੀ ਨੂੰ ਜਿਸ ਦੀ ਭਵਿੱਖਬਾਣੀ ਪਹਿਲੀਆਂ ਪੁਸਤਕਾਂ ਵਿੱਚ ਹੈ । (ਖ਼ੰਦਕਾਂ ਵਾਲੇ ਸਾਰੇ ਹੀ ਨਸ਼ਟ ਹੋ ਗਏ ਅਤੇ ਖ਼ੰਦਕਾਂ ਵਿੱਚ ਅੱਗ ਭੜਕਾਉਣ ਵਾਲੇ ਜਿਸ ਵਿੱਚ ਚੋਖਾ ਬਾਲ੍ਹਣ ਪਾਇਆ ਗਿਆ ਸੀ, ਜੱਦ ਉਸ ਅੱਗ 'ਤੇ ਧਰਨਾ ਮਾਰੀ ਬੈਠੇ ਸਨ । ਅਤੇ ਉਹ ਮੋਮਨਾ ਨਾਲ ਜੋ ਵਰਤਾਓ ਕਰਦੇ ਸਨ, ਉਹਨਾਂ ਦਾ ਮਨ ਉਸ ਦੀ ਅਸਲੀਯਤ ਤੋਂ ਜਾਣੂੰ ਸੀ, ਅਤੇ ਉਹ ਉਹਨਾਂ ਨਾਲ ਕੇਵਲ ਇਸ ਲਈ ਵੈਰ ਕਮਾਉਂਦੇ ਸਨ ਕਿ ਉਹ ਬਲਵਾਨ ਤੇ ਹਰ ਇਕ ਉਪਮਾ ਦੇ ਅਧਿਕਾਰੀ ਅਲੱਾਹ'ਤੇ ਈਮਾਨ ਕਿਉਂ ਲਿਆਏ ਹਨ । ਉਹ ਅਲੱਾਹ ਜੋ ਸਾਰੇ ਆਕਾਸ਼ਾਂ ਤੇ ਧਰਤੀ ਦਾ ਮਾਲਕ ਹੈ ਅਤੇ ਹਰ ਇਕ ਚੀਜ਼ ਦਾ ਨਿਗਰਾਨ ਹੈ । ਉਹ ਲੋਕ ਜਿੰਨ੍ਹਾ ਨੇ ਮੋਮਨ ਪੁਰਸ਼ਾਂ ਤੇ ਮੋਮਨ ਇਸਤਰੀਆਂ ਨੂੰ ਕਲੇਸ਼ ਵਿੱਚ ਫਸਾਇਆ ਹੈ ਤੇ ਫਿਰ ਆਪਣੇ ਇਸ ਕਰਤਵ'ਤੇ ਪਸ਼ਚਾਤਾਪ ਵੀ ਨਹੀਂ ਕੀਤਾ, ਉਹਨਾਂ ਨੂੰ ਨਿਰਸੰਦੇਹ ਨਰਕ ਦਾ ਕਸ਼ਟ ਪੁੱਜੇਗਾ ਅਤੇ ਪਰਲੋਕ ਵਿੱਚ ਵੀ ਹਿਰਦੇਵੇਧਕ ਅਜ਼ਾਬ ਪੁੱਜੇਗਾ । ਜਿੰਨ੍ਹਾ ਲੋਕਾਂ ਨੇ ਸ਼ਰਧਾ ਧਾਰਨ ਕੀਤੀ ਤੇ ਯਥਾਯੋਗ ਸ਼ੁਭ ਕਰਮ ਵੀ ਕਰਦੇ ਹਨ, ਉਹ ਸਵਰਗ ਨੂੰ ਪ੍ਰਾਪਤ ਹੋਣਗੇ ਜਿਸ ਹੇਠ ਨਹਿਰਾਂ ਵਗੱਦੀਆਂ ਹੋਣਗੀਆਂ ਅਤੇ ਇਹੋ ਹੀ ਵੱਡੀ ਸਫ਼ਲਤਾ ਹੈ ।''

ਇਹ ਆਇਤਾਂ ਜੋ ਮੈਂ ਤਲਾਵਤ ਕੀਤੀਆਂ ਹਨ ਇਹ ਪੂਰਨਤਾ ਉਸ ਘਟਨਾ ਦਾ ਨਕਸ਼ਾ ਖਿੱਚ ਰਹੀਆਂ ਹਨ ਜੋ ਗੁਜਰਾਂਵਾਲਾ ਵਿੱਚ ਅਹਮਦੀਆਂ ਨਾਲ ਹੋਇਆ । ਇਹ ਅਹਮਦੀਅਤ ਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਚੱਾਈ ਦੀ ਇਕ ਅਜਿਹੀ ਦਲੀਲ ਹੈ ਕਿ ਜੇਕਰ ਨਿਆਂਪਸੰਦ ਮੁਸਲਮਾਨ ਸੂਰਾਤੁਲ ਬਰੂਜ ਉਪੱਰ ਗ਼ੌਰ ਕਰਨ ਤਾਂ ਅਹਮਦੀਆਂ ਉਪੱਰ ਹੋਣ ਵਾਲੇ ਅਤਿਆਚਾਰ ਅਤੇ ਵਿਸ਼ੇਸ਼ ਤੋਰ'ਤੇ ਅਜਿਹੇ ਅਤਿਆਚਾਰਾਂ ਬਾਰੇ ਆਪਣੇ ਵਿਦਵਾਨਾਂ, ਆਪਣੇ ਲੀਡਰਾਂ, ਅਪਣੇ ਸਿਆਸਤਦਾਨਾ ਅਤੇ ਆਪਣੀਆਂ ਸਰਕਾਰਾਂ ਦੇ ਰਵੱਈਏ ਅਤੇ ਕਰਮ ਜੋ ਅਹਮਦੀਆਂ ਦੇ ਵਿਰੁਧ ਇਹ ਲੋਕ ਦਿਖਾਉਂਦੇ ਹਨ ਅਤੇ ਕਰਦੇ ਹਨ, ਉਹਨਾਂ ਦੀ ਹਕੀਕਤ ਖੁੱਲ ਜਾਵੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਉਪੱਰ ਵਿਸ਼ਵਾਸ ਕਰ ਲੈਣ ਅਤੇ ਇਸ ਅਤਿਅਚਾਰ ਦਾ ਹਿੱਸਾ ਨ ਬਨਣ ਜੋ ਜ਼ਾਲਮ ਲੋਕ ਜਾਂ ਉਹਨਾਂ ਦੇ ਚੇਲੇ ਅਹਮਦੀਆਂ ਉਪੱਰ ਕਰਦੇ ਹਨ । ਪਰ ਰੱਬ ਦਾ ਕਲਾਮ ਸਮਝਣ ਲਈ ਵੀ ਇਕ ਰੱਬ ਦੇ ਫ਼ਰਸਤਾਦੇ (ਰੱਬ ਵੱਲੋਂ ਭੇਜੇ ਗਏ ਸੁਧਾਰਕ) ਦੀ ਲੋੜ ਹੈ, ਪਰ ਇਹਨਾਂ ਲੋਕਾਂ ਦਾ ਇਹ ਹਾਲ ਕਿ ਉਸ ਦੀ ਗੱਲ ਤਾਂ

ਇਹ ਲੋਕ ਸੁਣਨਾ ਹੀ ਨਹੀਂ ਚਾਹੁੰਦੇ ਅਤੇ ਇਸ ਲਈ ਅਤਿਆਚਾਰਾਂ ਵਿੱਚ ਵੱਧਦੇ ਜਾਂਦੇ ਹਨ । ਇਹਨਾਂ ਅਇਤਾਂ ਦਾ ਸੰਖੇਪ ਜਿਹਾ ਵਿਸਥਾਰ ਕਰ ਦਿੰਦਾ ਹਾਂ । ਜਿਸ ਗ੍ਰਹਾਂ ਵਾਲੇ ਰੱਬ ਦੀ ਕਸਮ ਇੱਥੇ ਖਾਧੀ ਗਈ ਹੈ ਉਸ ਤੋਂ ਭਾਵ ਆਕਾਸ਼ ਦੇ ਗ੍ਰਹ ਹਨ, ਸਿਤਾਰੇ ਹਨ ਜਾਂ ਸੌਰ ਮੰਡਲ ਹੈ ਜਿੰਨ੍ਹਾ ਬਾਰੇ ਤਾਰਾ ਵਿਗਿਆਨੀ ਦਸੱਦੇ ਹਨ । ਇੱਥੇ ਉਪਮਾ ਬੋਧਕ ਢੰਗ ਨਾਲ ਇਹਨਾਂ ਰੂਹਾਨੀ ਗ੍ਰਹਾਂ ਦਾ ਵਰਨਣ ਕੀਤਾ ਗਿਆ ਹੈ ਜਿੰਨ੍ਹਾ ਦਾ ਇਸਲਾਮ ਦੇ ਇਤਿਹਾਸ ਨਾਲ ਡੂੰਘਾ ਸੰਬੰਧ ਹੈ ਅਤੇ ਇਸ ਤੋਂ ਭਾਵ ਬਾਰ੍ਹਾਂ ਮੁਜੱਦੇਦੀਨ ਹਨ ਜੋ ਇਸਲਾਮ ਦੇ ਆਕਾਸ਼ ਉਪੱਰ ਸੂਰਜ ਢਲ੍ਹੱਣ ਮਗਰੋਂ ਆਪਣਾ ਚਾਨ੍ਹਣਾ ਫ਼ੈਲਾਉਂਣ ਲਈ ਚਮਕੇ ਜਾਂ ਕੁਝ ਸਮੇਂ ਲਈ ਪ੍ਰਕਾਸ਼ ਦਿੰਦੇ ਰਹੇ । ਇਸ ਵਕਫ਼ੇ ਦੇ ਸਮੇਂ ਬਾਰੇ ਹਦੀਸਾਂ ਵਿੱਚ ਵੀ ਵਰਨਣ ਹੈ ਅਤੇ ਪੁਰਾਣੇ ਵਿਦਵਾਨ ਵੀ ਬਿਆਨ ਕਰਦੇ ਹਨ । ਇਹ ਅਜੀਬ ਗੱਲ ਹੈ ਕਿ ਬਾਰ੍ਹਾਂ ਸਦੀਆਂ ਵਿੱਚ ਬਾਰ੍ਹਾਂ ਵਾਰੀ ਇਸਲਾਮ ਦੇ ਅੰਧਕਾਰਮਈ ਵਿੱਚ ਕਾਲ ਵਿੱਚ ਪ੍ਰਕਾਸ਼ ਦੀਆਂ ਕਿਰਣਾ ਫੈਲਾਉਂਣ ਲਈ ਜਿੰਨ੍ਹਾ ਲੋਕਾਂ ਨੂੰ ਰੱਬ ਨੇ ਭੇਜਿਆ, ਉਹਨਾਂ ਨੂੰ ਤਾਂ ਮੁਸਲਮਾਨ ਮਨ੍ਹਦੇ ਹਨ, ਪਰ ਜੱਦ ਅਲੱਾਹ ਫ਼ਰਮਾਉਂਦਾ ਹੈ ਕਿ (وَالْيَوْمِ الْمَوْعُودِ) ਵਲ ਯੌਮਿਲ ਮਊਦ ਕਿ ਉਹ ਦਿਨ ਜਿਸਦਾ ਵਾਦਾ ਦਿੱਤਾ ਗਿਆ ਸੀ ਉਸ ਦੀ ਕਸਮ ਖਾਕੇ ਜੱਦ ਤੇਰ੍ਹਵੀਂ ਸਦੀ ਹਿਜਰੀ ਵਿੱਚ ਅਲੱਾਹ ਤਆਲਾ ਨੇ ਇਸ ਵਾਦੇ ਅਨੁਸਾਰ ਜੱਦ ਕਥਿਤ (ਮਊਦ) ਸੁਧਾਰਕ ਭੇਜਿਆ ਤਾਂ ਇਨਕਾਰ ਕਰਨ ਲੱਗ ਪਏ । ਫਿਰ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਇਸ ਕਥਿਤ ਮਸੀਹ ਮਊਦ ਅਰਥਾਤ ਮਸੀਹ ਮਊਦ ਅਲੈਹਿ ਸਲਾਮ ਦੇ ਯੁੱਗ ਵਿੱਚ ਇਸਲਾਮ ਦਾ ਨਵੇਂ ਸਿਰਿਓਂ ਉਥੱਾਨ ਤਾਂ ਬੇਸਕ ਹੋਵੇਗਾ । ਇਸਲਾਮ ਦੇ ਨਵੇਂ ਜੀਵਨ ਦਾ ਯੁੱਗ ਤਾਂ ਅਰੰਭ ਹੋਵੇਗਾ ਪਰ ਇਸ ਦੇ ਲਈ ਉਹਨਾਂ ਮੋਮਨਾਂ ਨੂੰ ਜੋ ਮਸੀਹ ਮਊਦ ਅਲੈਹਿ ਸਲਾਮ ਨੂੰ ਮਨ੍ਹਣ ਗੇ ਬਹੁਤ ਭਾਰੀਆਂ ਕੁਰਬਾਨੀਆਂ ਦੇਣੀਆਂ ਪੈਣਗੀਆਂ । ਫ਼ਰਮਾਇਆ (قُتِلَ أَصْحَابُ الْأُخْدُودِ) ਕੁਤਿਲਾ ਅਸਹਾਬੁਲ ਉਖ਼ਦੂਦ ਕਿ ਖ਼ੰਦਕਾਂ ਵਿੱਚ ਬੈਠਣ ਵਾਲੇ ਹਲਾਕ ਕਰ ਦਿੱਤੇ ਜਾਣਗੇ । (النَّارِ ذَاتِ الْوَقُودِ) ਨਾਰਿ ਜ਼ਾਤਿਲ ਵਕੂਦ ਅਰਥਾਤ ਉਸ ਅੱਗ ਵਾਲੇ ਜੋ ਬਹਤ ਬਾਲ੍ਹਣ (ਈਧਨ) ਵਾਲੀ ਹੈ । (إِذْ هُمْ عَلَيْهَا قُعُودٌ) ਇਜ਼ ਹੁਮ ਅਲੈਹਾ ਕੁਊਦ ਜੱਦ ਉਹ ਉਸ ਦੇ ਦੁਆਲੇ ਬੈਠੇ ਹੋਣਗੇ । ਇਹ ਵਿਰੋਧੀਆਂ ਦਾ ਚਿੱਤਰ ਖਿੱਚਿਆ ਗਿਆ ਹੈ ਕਿ ਇਸ ਪ੍ਰਕਾਰ ਵਿਰੋਧਤਾ ਹੋਵੇਗੀ ਪਰ ਇਹ ਅਗੱਾਂ ਜੋ ਭੜਕਾਈਆਂ ਵੀ ਜਾਣਗੀਆਂ ਅਤੇ ਉਸ ਦੇ ਦੁਆਲੇ ਬੈਠੇ ਵੀ ਹੋਣਗੇ । ਉਹ ਤਾਂ ਹੋਵੇਗਾ ਪਰ ਅੰਤ ਨੂੰ ਵਿਰੋਧੀ ਆਪਣਾ ਭੈੜਾ ਅੰਤ ਜ਼ਰੂਰ ਦੇਖਣਗੇ, ਉਹ ਹਲਾਕ ਕੀਤੇ ਜਾਣਗੇ । ਬਹਿਰਹਾਲ ਮੋਮਨਾਂ ਨੂੰ ਇਕ ਲੰਮਾ ਸਮਾਂ ਦੁੱਖਾਂ ਤੇ ਔਕੜਾ ਦਾ ਤੇ ਭਿਆਨਕ ਅਤਿਆਚਾਰਾਂ ਦਾ ਨਿਸ਼ਾਨਾ ਬਣਨਾ ਪਏਗਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਵੀ ਇਸ ਵੱਲ ਧਿਆਲ ਖਿੱਚਿਆ ਹੈ ਕਿ ਇਸਲਾਮ ਦੀ ਉਨੱਤੀ ਸਾਥੋਂ ਕੁਝ ਮੰਗ ਕਰਦੀ ਹੈ ਅਤੇ ਉਹ ਮੰਗ ਮੌਤ ਦੀ ਮੰਗ ਹੈ । ਇਹਨਾਂ ਆਇਤਾਂ ਵਿੱਚ ਇਹੋ ਦੱਸਿਆ ਗਿਆ ਹੈ ਕਿ ਬਹੁਤ ਬਾਲ੍ਹਣ ਵਾਲੀਆਂ ਅਗੱਾਂ ਤੁਹਾਡੇ ਵਿਰੁਧ ਭੜਕਾਈਆਂ ਜਾਣਗੀਆਂ, ਉਹਨਾਂ ਅਗੱਾਂ ਵਿੱਚ ਵਾਰ ਵਾਰ ਬਾਲ੍ਹਣ ਪਾਇਆ ਜਾਵੇਗਾ । ਇਹ ਅਗੱਾਂ ਭੜਕਾਉਂਣ ਵਾਲੇ ਆਸੇ ਪਾਸੇ ਬੈਠੇ ਤਮਾਸ਼ਾ ਦੇਖਦੇ ਰਹਿਣਗੇ । ਇਹ ਲੋਕ ਜਿਨ੍ਹਂ ਨੇ ਅਜਿਹੇ ਪ੍ਰਬੰਧ ਆਪਣੇ ਸੋਚ ਵਿੱਚ ਕੀਤੇ ਹੋਏ ਹੋਣਗੇ ਕਿ ਸੰਭਵਤਾ ਖ਼ੰਦਕਾਂ ਪੁੱਟਕੇ ਉਹਨਾਂ ਵਿੱਚ ਮੋਮਨਾਂ ਨੂੰ ਸੀਮਤ ਕਰਕੇ ਹਰ ਪਾਸਿਓਂ ਘੇਰਾ ਪਾਕੇ ਫਿਰ ਅੱਗਾਂ ਬਾਲ੍ਹਣਗੇ ਪਰ ਅਲੱਾਹ ਤਆਲਾ ਨੇ ਪਹਿਲਾਂ ਹੀ ਫ਼ਰਮਾ ਦਿਤੱਾ ਹੈ ਕਿ ਭਾਵੇਂ ਅੱਗ ਦੇ ਕਸ਼ਟਾਂ ਵਿੱਚੋਂ ਲੰਘਣਾ ਹੋਵੇਗਾ ਪਰ ਅੰਤ ਨੂੰ ਇਹ ਹਰ ਪਾਸਿਓਂ ਮੋਮਨਾਂ ਨੂੰ ਘੇਰ ਕੇ ਅੱਗਾਂ ਵਿੱਚ ਸਾੜਨ ਵਾਲੇ ਆਪ ਹੀ ਹਲਾਕ ਕਰ ਦਿੱਤੇ ਜਾਣਗੇ । ਜੋ ਇਸ ਘਟਨਾ ਦੀਆਂ ਵੀਡੀਓ ਫ਼ਿਲਮਾਂ ਹਨ ਉਹਨਾਂ ਵਿੱਚ ਵੀ ਇਹਨਾ ਜ਼ਾਲਮਾਂ ਦੇ ਮੁਖੜਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਬੇਹਿਯਾਈ ਤੇ ਬੇਸ਼ਰਮੀ ਅਤਿ ਦੀ ਹੋ ਰਹੀ ਹੈ । ਇਹਨਾਂ ਦੇ ਅਮਲ ਦੇ ਨਾਰੇ ਇਹਨਾਂ ਦੀਆਂ ਗੱਲਾਂ ਅਦਿ, ਦੁਸ਼ਮਨੀ ਦੀ ਹੱਦ ਹੈ । ਦੁੱਖ ਇਹ ਹੈ ਕਿ ਸਭ ਕੁਝ ਅਲੱਾਹ ਤੇ ਉਸ ਦੇ ਰਸੂਲ ਦੇ ਨਾਂ'ਤੇ ਹੋ ਰਿਹਾ ਹੈ । (إِذْ هُمْ عَلَيْهَا قُعُودٌ) ਇਜ਼ ਹੁਮ ਅਲੈਹਾ ਕੁਊਦ ਤੋਂ ਵੀ ਪ੍ਰਗਟ ਹੈ ਕਿ ਨਿਰੰਤਰ ਬੈਠੇ ਰਹਿਣਗੇ । ਇਹ ਕਸ਼ਟ ਦੇਣ ਦੀਆਂ ਵਿਉਂਤਾ ਲੰਮੀਆਂ ਕਰਨ ਦੇ ਜਤਨ ਕਰਨਗੇ । ਕੁਊਦ ਦਾ ਅਰਥ ਬੈਠਣਾ ਹੈ ਅਤੇ ਕਿਸੇ ਚੀਜ਼'ਤੇ ਬੈਠੇ ਰਹਿਣਾ ਇਹ ਵੀ ਇਕ ਮੁਹਾਵਰਾ ਹੈ ਕਿ ਲੰਮੇ ਸਮੇਂ ਤੱਕ ਕੋਈ ਕੰਮ ਕਰਦੇ ਜਾਣਾ ।

ਸੋ, ਇਹਨਾਂ ਦੇ ਝੂਠ, ਫ਼ਰੇਬ ਅਤੇ ਕਸ਼ਟਾਂ ਦੇ ਇਹ ਲੜੀ ਜੋ ਚੱਲ ਰਹੀ ਹੈ ਸੰਭਵਤਾ ਲੰਮਾ ਸਮਾਂ ਚੱਲਦੀ ਰਹੇਗੀ ਕਿਉਂਕਿ ਵਿਰੋਧੀ ਤਾਂ ਪੈਦਾ ਹੁੰਦੇ ਰਹਿਣਗੇ । ਉਹ ਤਾਂ ਚੱਲ ਹੀ ਰਿਹਾ ਹੈ । ਉਹਨਾਂ ਦੇ ਮੌਲਵੀ ਵੀ ਜਾਣਦੇ ਹਨ ਕਿ ਉਹ ਝੂਠ ਨਾਲ ਕੰਮ ਲੈ ਰਹੇ ਹਨ । ਉਹਨਾਂ ਕੋਲ ਅਜਿਹੀ ਕੋਈ ਦਲੀਲ ਨਹੀਂ ਜਿਸ ਨਾਲ ਉਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਦਾਵੇ ਨੂੰ ਰੱਦ ਕਰ ਸਕਣ ਸਿਵਾਏ ਇਸ ਦੇ ਕਿ ਝੂਠੀਆਂ ਗੱਲਾਂ ਬਣਾਈ ਜਾਣ । ਅੱਜ ਕਲ ਪਾਕਿਸਤਾਨ ਦੇ ਹਰ ਸ਼ਹਿਰ ਅਤੇ ਹਰ ਗਲੀ ਵਿੱਚ ਝੂਠ ਦੇ ਪਲੰਦਿਆਂ 'ਤੇ ਅਧਾਰਤ ਅਹਮਦੀਆਂ ਵਿਰੁਧ ਲਿਟ੍ਰੇਚਰ ਦੇ ਇਸ਼ਤਿਹਾਰ ਲਾਏ ਹੋਏ ਹਨ, ਇੱਥੋਂ ਤੱਕ ਕਿ ਸਾਰਕਾਰੀ ਇਮਾਰਤਾਂ ਉਪੱਰ ਵੀ ਅਤੇ ਇਹ ਗ਼ਲਤ ਗੱਲਾਂ ਮੜ੍ਹਕੇ ਲੋਕਾਂ ਨੂੰ ਭੜਕਾਉਂਦੇ ਹਨ । ਅਜਿਹੀਆਂ ਗੱਲਾਂ ਜਿੰਨ੍ਹਾ ਦਾ ਜਮਾਤ ਦੇ ਅਕੀਦਿਆਂ ਨਾਲ ਦੂਰ ਦਾ ਵੀ ਸੰਬੰਧ ਨਹੀਂ । ਇਹਨਾਂ ਦੀਆਂ ਇਹੋ ਵਿਰੋਧਤਾਵਾਂ ਕਰਕੇ ਜਮਾਤ ਨੂੰ ਤਸੱਲੀ ਦਿੰਦਿਆਂ ਹੋਇਆਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਇਹ ਖ਼ਿਆਲ ਨ ਕਰੋ ਕਿ ਰੱਬ ਤੁਹਾਨੂੰ ਨਸ਼ਟ ਕਰ ਦੇਵੇਗਾ, ਤੁਸੀਂ ਰੱਬ ਦੇ ਹੱਥ ਦਾ ਬੀ ਹੋ ਜੋ ਧਰਤੀ ਵਿੱਚ ਬੀਜਿਆ ਗਿਆ । ਰੱਬ ਫਰਮਾਉਂਦਾ ਹੈ ਕਿ ਇਹ ਬੀ ਵਧੇਗਾ ਅਤੇ ਫਲੇ ਫੁੱਲੇਗਾ ਅਤੇ ਹਰ ਪਾਸੇ ਇਸ ਦੀਆਂ ਟਾਹਣੀਆਂ ਨਿਕਲਣਗੀਆਂ ਤੇ ਇਕ ਵੱਡਾ ਰੁੱਖ ਬਣ ਜਾਵੇਗਾ । ਇਸ ਲਈ ਮੁਬਾਰਕ ਉਹ ਜੋ ਰੱਬ ਦੀਆਂ ਗੱਲਾਂ ਉਪੱਰ ਵਿਸ਼ਵਾਸ ਰੱਖੇ ਅਤੇ ਵਿਚਕਾਰ ਆਉਣ ਵਾਲੀਆਂ ਔਕੁੜਾਂ ਤੋਂ ਨ ਡਰੇ । ਸੋ, ਬੇਸ਼ਕ, ਵਿਅਕਤੀਆਂ ਨੂੰ ਤਾਂ ਕੁਰਬਾਨੀਆਂ ਦੇਣੀਆਂ ਪੈਣਗੀਆਂ ਪਰ ਜਮਾਤ ਦਾ ਰੁੱਖ ਜੋ ਕਿ ਰੱਬ ਨੇ ਲਗਾਇਆ ਹੈ ਇਹ ਰੱਬ ਦੀ ਮਿਹਰ ਨਾਲ ਵਧੱਦਾ ਫੁਲਦਾ ਰਹੇਗਾ, ਇੰਸ਼ਾਅਲੱਾਹ । ਅਤੇ ਇਹ ਅਗੱਾਂ ਭੜਕਾਉਣ ਵਾਲੇ ਖ਼ੁੱਦ ਆਪ ਹੀ ਆਪਣੀ ਅੱਗ ਵਿੱਚ ਸੜਦਿਆਂ ਹੋਇਆਂ ਦੇਖਣਗੇ ਜਾਂ ਕਿਸੇ ਹੋਰ ਢੰਗ ਨਾਲ ਰੱਬ ਇਹਨਾਂ ਨੂੰ ਹਲਾਕ ਕਰਨ ਦੇ ਸਾਧਨ ਪੈਦਾ ਕਰੇਗਾ । (قُتِلَ أَصْحَابُ الْأُخْدُودِ) ਕੁਤਿਲਾ ਅਸਹਾਬੁਲ ਉਖ਼ਦੂਦ ਇਹ ਇਕ ਭਵਿੱਖਬਾਣੀ ਹੈ ਜੋ ਜਮਾਤ ਅਹਮਦੀਆ ਦੇ ਹੱਕ ਵਿੱਚ ਪੂਰੀ ਹੋ ਰਹੀ ਹੈ ਅਤੇ ਪੂਰੀ ਵੀ ਹੁੰਦੀ ਰਹੇਗੀ । ਇਹ ਲੋਕ ਹਲਾਕ ਹੁੰਦੇ ਰਹਿਣਗੇ । ਸੋ,ਇਹ ਭਵਿੱਖਬਾਣੀ ਵੀ ਉਹਨਾਂ ਜ਼ੁਲਮਾ ਦੇ ਨਾਲ ਨਾਲ ਪੂਰੀ ਹੁੰਦੀ ਰਹੇਗੀ । ਇਹ ਨਹੀਂ ਕਿ ਜ਼ੁਲਮਾਂ ਤੋਂ ਬਾਜ਼ ਆ ਜਾਣ, ਇਹ ਵਾਰ ਵਾਰ ਕਰਦੇ ਰਹਿਣਗੇ, ਪਰ ਅਹਮਦੀਅਤ ਦਾ ਰੁੱਖ ਜੋ ਕਿ ਰੱਬ ਦਾ ਲਾਇਆ ਹੋਇਆ ਪੌਦਾ ਹੈ, ਇਹ ਵੱਧਦਾ ਹੀ ਚਲਾ ਜਾਵੇਗਾ । ਇੰਸ਼ਾਅਲੱਾਹ ਤਆਲਾ । 125 ਸਾਲਾ ਜਮਾਤ ਅਹਮਦੀਆ ਦਾ ਇਤਿਹਾਸ ਅਤੇ ਉਨੱਤੀ ਜੋ ਹੋ ਰਹੀ ਹੈ ਉਸ ਨਾਲ ਇਹਨਾ ਨੂੰ ਸਬਕ ਲੈਣਾ ਚਾਹੀਦਾ ਹੈ ਕਿ ਇਹ ਮਨੁੱਖੀ ਕੰਮ ਨਹੀਂ ਹੈ ਸਗੋਂ ਰੱਬ ਦਾ ਕੰਮ ਹੈ ਅਤੇ ਰੱਬ ਦੇ ਕੰਮ ਵਿੱਚ ਦਖ਼ਲਾ ਦੇਕੇ ਉਸਨੂੰ ਰੋਕਣ ਦਾ ਜਤਨ ਕਰਕੇ ਇਹ ਰੱਬ ਦੀ ਨਰਾਜ਼ਗੀ ਤੋਂ ਬਿਨਾਂ ਹੋਰ ਕੁਝ ਨਹੀਂ ਲੈ ਰਹੇ । ਉਹਨਾਂ ਨੂੰ ਇਹ ਨਹੀਂ ਪਤਾ ਕਿ ਰੱਬ ਨੇ ਉਹਨਾਂ ਦਾ ਕੀ ਅੰਜਾਮ ਰੱਖਿਆ ਹੋਇਆ ਹੈ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ (إِنَّ الَّذِينَ فَتَنُوا الْمُؤْمِنِينَ وَالْمُؤْمِنَاتِ ثُمَّ لَمْ يَتُوبُوا فَلَهُمْ عَذَابُ جَهَنَّمَ وَلَهُمْ عَذَابُ الْحَرِيقِ) ਇਨੱਲੱਜ਼ੀਨਾ ਫ਼ਤਾਨੁਲ ਮੋਮਿਨੀਨਾ ਵਲ ਮੋਮਿਨਾਤਿ ਸੁਮੱਾ ਲਮ ਯਤੂਬੂ ਫ਼ਾਲਾਹੁਮ ਅਜ਼ਾਬੁ ਜਹਨੱਮਾ ਵਲਾਹੁਮ ਅਜ਼ਾਬੁਲ ਹਰੀਕ । ਅਰਥਾਤ ਉਹ ਲੋਕ ਜਿੰਨ੍ਹਾਂ ਨੇ ਮੋਮਨ ਪਰੁਸ਼ਾਂ ਨੂੰ ਅਤੇ ਮੋਮਨ ਇਸਤਰੀਆਂ ਨੂੰ ਫਿਤਨੇ ਵਿੱਚ ਪਾਇਆ ਅਤੇ ਫਿਰ ਪਸ਼ਚਾਤਾਪ (ਤੌਬਾ) ਨਹੀਂ ਕੀਤਾ ਤਾਂ ਉਹਨਾਂ ਲਈ ਅਵਸ਼ ਹੀ ਨਰਕ ਦਾ ਅਜ਼ਾਬ (ਦੰਡ) ਹੈ ਅਤੇ ਉਹਨਾਂ ਲਈ ਅੱਗ ਦਾ ਦੰਡ ਨਿਰਧਾਰਤ ਹੈ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਉਹ ਲੋਕ ਜੋ ਮੋਮਨ ਪੁਰਸ਼ਾਂ ਤੇ ਮੋਮਨ ਇਸਤਰੀਆਂ ਨੂੰ ਕਸ਼ਟ ਦਿੰਦੇ ਹਨ ਜਾਂ ਜਤਨ ਕਰਦੇ ਹਨ, ਉਹਨਾਂ ਦੇ ਵਿਰੁਧ ਅੱਗਾ ਭੜਕਾਉਂਦੇ ਹਨ, ਫਿਰ ਉਸ'ਤੇ ਪਹਿਰੇ ਲਾਉਂਦੇ ਹਨ ਕਿ ਉਹਨਾਂ ਨੂੰ ਬਚਾਉਂਣ ਵਾਲਾ ਕੋਈ ਨ ਆ ਜਾਵੇ, ਤਾਂ ਅਜਿਹੇ ਲੋਕਾਂ ਲਈ ਅਵਸ਼ ਹੀ ਨਰਕ ਦਾ ਅਜ਼ਾਬ ਹੈ ।

ਇਸ ਲਈ ਅਲੱਾਹ ਤਆਲਾ ਫ਼ਰਮਾਓਂਹੁਦਾ ਹੈ ਕਿ ਅਜਿਹੇ ਮੋਮਨਾਂ ਨੂੰ ਜੋ ਮੇਰੇ ਜਾਹੋ ਜਲਾਲ ਤੇ ਤੌਹੀਦ ਨੂੰ ਕਾਇਮ ਕਰਨ ਲਈ ਅਤੇ ਮੇਰੇ ਅੰਤਮ ਨਬੀ ਦੇ ਮਾਣ ਤੇ ਜਲਾਲ ਨੂੰ ਕਾਇਮ ਰੱਖਣ ਲਈ ਸਵੇਰੇ ਸ਼ਾਮ ਲੱਗੇ ਹੋਏ ਹਨ, ਉਹਨਾਂ ਨੂੰ ਫਿਤਨਿਆਂ ਵਿੱਚ ਪਾਉਂਣ ਅਤੇ ਕਸ਼ਟ ਦੇਣ ਵਾਲਿਆਂ, ਉਹਨਾਂ ਦੇ ਸ਼ਰੀਰਾਂ ਨੂੰ ਸਾੜਨ ਵਾਲਿਆਂ, ਜਾਂ ਉਹਨਾਂ ਦੇ ਘਰਾਂ ਨੂੰ ਸਾੜਨ ਵਾਲਿਆਂ ਜਾਂ ਝੂਠੀਆਂ ਊਝਾਂ ਲਾਉਂਣ ਵਾਲਿਆਂ ਜਾਂ ਉਹਨਾਂ ਦੇ ਦਿਲਾਂ ਨੂੰ ਸਾੜਨ ਵਾਲਿਆਂ ਨੂੰ ਮੈਂ ਛੱਡਾਂਗਾ ਨਹੀਂ । ਉਹਨਾਂ ਨੂੰ ਅਵਸ਼ ਹੀ ਨਰਕ

ਦੀ ਅੱਗ ਵਿੱਚ ਪਾਵਾਂਗਾ । ਸਿਵਾਏ ਇਸ ਦੇ ਕਿ ਉਹ ਤੋਬਾ ਕਰ ਲੈਣ । ਅਲੱਹ ਤਆਲਾ ਤੋਬਾ ਕੁਬੂਲ ਕਰ ਲੈਂਦਾ ਹੈ ਅਤੇ ਖਿਮਾ ਕਰ ਦਿੰਦਾ ਹੈ । ਬਹਿਰਹਾਲ ਉਹਨਾਂ ਜ਼ਾਲਮਾਂ ਤੇ ਅੱਗਾਂ ਲਾਉਂਣ ਵਾਲਿਆਂ ਬਾਰੇ ਰੱਬ ਨੇ ਸਾਨੂੰ ਇਹ ਦੱਸ ਦਿੱਤਾ ਹੈ ਕਿ ਉਹਨਾਂ ਦਾ ਅੰਜਾਮ ਕੀ ਹੋਵੇਗਾ ਅਤੇ ਨਾਲ ਹੀ ਈਮਾਨ ਲਿਆਉਣ ਵਾਲਿਆਂ ਨੂੰ ਵੀ ਉਹਨਾਂ ਦੀਆਂ ਕੁਰਬਾਨੀਆਂ ਸਦਕਾ ਪੁਰਸਕਾਰਾਂ ਦੀ ਤਸੱਲੀ ਦੇਕੇ ਫ਼ਰਮਾਉਂਦਾ ਹੈ ਕਿ ( إِنَّ الَّذِينَ آمَنُوا وَعَمِلُوا الصَّالِحَاتِ لَهُمْ جَنَّاتٌ تَجْرِي مِن تَحْتِهَا الْأَنْهَارُ ذَٰلِكَ الْفَوْزُ الْكَبِيرُ ) ਇਨੱਲ ਲਜ਼ੀਨਾ ਆਮਾਨੂ ਵ ਆਮਿਲੁਸੱਾਲਿਹਾਤਿ ਲਹੁਮ ਜਨੱਾਤੁੰ ਤਜਰੀ ਮਿਨ ਤਹਤਿਹਲ ਅਨਹਾਰੁ, ਜ਼ਾਲਿਕਲ ਫ਼ੋਜ਼ੁਲ ਕਬੀਰ । ਅਰਥਾਤ ਉਹ ਲੋਕ ਜੋ ਈਮਾਨ ਲਿਆਏ ਅਤੇ ਚੰਗੇ ਕਰਮ ਕੀਤੇ ਉਹਨਾਂ ਲਈ ਅਜਿਹੇ ਸਵਰਗ ਹਨ ਜਿੰਨ੍ਹਾ ਦੇ ਪਹਿਲੂ ਵਿੱਚ ਨਹਿਰਾਂ ਵੱਗਦੀਆਂ ਹਨ ਅਤੇ ਇਹ ਬਹੁਤ ਵੱਡੀ ਸਫ਼ਲਤਾ ਹੈ । ਦੁਸ਼ਮਨਾਂ ਨੇ ਤਾਂ ਅੱਗਾਂ ਦੀ ਲੜੀ ਸ਼ੁਰੂ ਕੀਤੀ ਅਤੇ ਨਿਗਰਾਨੀ ਕਰਦੇ ਰਹੇ ਕਿ ਇਹ ਬੁਝਣ ਨਾ, ਪਰ ਰੱਬ ਫ਼ਰਮਾਉਂਦਾ ਹੈ ਕਿ ਇਹਨਾਂ ਮਜ਼ਲੂਮਾ ਲਈ ਮੈਂ ਅਜਿਹੇ ਸਵਰਗ ਬਣਾਏ ਹੋਏ ਹਨ ਜਿਸ ਦੇ ਬਾਗਾਂ ਅਜਿਹੇ ਹਨ ਜਿੰਨ੍ਹਾ ਦੀਆਂ ਟਾਹਣੀਆਂ ਆਪੋ ਵਿੱਚ ਮਿਲੀਆਂ ਹੋਈਆਂ ਹਨ, ਜਿੰਨ੍ਹਾ ਦੀਆਂ ਛਾਵਾਂ ਘਣੀਆਂ ਤੇ ਠੰਡੀਆਂ ਹਨ । ਜਿੰਨ੍ਹਾ ਦੇ ਹੇਠ ਨਹਿਰਾਂ ਵੱਗਦੀਆ ਹਨ । ਸੋ, ਇਹ ਸਪਸ਼ਟ ਅੰਤਰ ਹੈ ਕਿ ਅੱਗਾਂ ਲਾਉਂਣ ਵਾਲਿਆਂ ਦਾ ਸਿੱਟਾ ਤੇ ਮਜ਼ਲੂਮਾਂ ਤੇ ਮੋਮਨਾਂ ਦੇ ਸਿੱਟੇ ਦਾ । ਅਸੀਂ ਉਹਨਾਂ ਅਤਿਆਚਾਰਾਂ ਦੇ ਖ਼ਿਲਾਫ਼ ਮਦਦ ਲਈ ਪਹਿਲਾਂ ਵੀ ਰੱਬ ਅੱਗੇ ਝੁੱਕਦੇ ਸੀ ਅੱਜ ਵੀ ਉਸਦੇ ਅੱਗੇ ਹੀ ਝੁੱਕਦੇ ਹਾਂ ।

ਸੋ, ਹਰ ਅਵਸਥਾ ਵਿੱਚ ਜੱਦ ਸਿੱਟੇ ਰੱਬ ਦੇ ਪੱਖ ਦਾ ਪਤਾ ਦੇ ਰਹੇ ਹਨ ਤਾਂ ਇਸ ਦਾ ਅਰਥ ਇਹ ਹੈ ਕਿ ਹਰ ਗੱਲ ਦੇ ਵੱਖ ਵੱਖ ਅੰਗ ਹਨ ਪ੍ਰਤਖ ਵੀ ਤੇ ਗੁਪਤ ਵੀ । ਪਰ ਜਿਵੇਂ ਕਿ ਅਲੱਾਹ ਤਆਲਾ ਕਿਹਿੰਦਾ ਹੈ ਕਿ ਉਹਨਾਂ ਅੱਗਾਂ ਨੂੰ ਭੜਕਾਉਣ ਦੇ ਸਿੱਟੇ ਵਿੱਚ ਮੈਂ ਉਹਨਾਂ ਅੱਗ ਭੜਕਾਉਣ ਵਾਲਿਆਂ ਨੂੰ ਸੜਨ ਦਾ ਅਜ਼ਾਬ ਵੀ ਦਿਆਂਗਾ ਅਤੇ ਨਰਕ ਦਾ ਅਜ਼ਾਬ ਵੀ ਦਿਆਂਗਾ । ਪਰ ਅੱਗ ਨਾਲ ਹਾਨੀ ਪਹੁੰਚਣ ਵਾਲੇ ਮੋਮਨੀਨ ਲਈ ਠੰਡੀਆਂ ਛਾਵਾਂ ਵਾਲ ਸਵਰਗ ਹਨ । ਇਸ ਲਈ ਸਾਡੇ ਇਹ ਸ਼ਹੀਦ ਵੀ ਅਲੱਾਹ ਤਆਲਾ ਕੋਲ ਸਵਰਗਾਂ ਵਿੱਚ ਫਿਰ ਰਹੇ ਹਨ । ਅਤੇ ਇਹ ਵੀ ਸ਼ਾਇਦ ਅਹਮਦੀਆ ਇਤਿਹਾਸ ਵਿੱਚ ਪਹਿਲਾ ਮੋਕਾ ਹੈ ਕਿ ਸਾਰੇ ਕੁਰਬਾਨੀ ਕਰਨ ਵਾਲੇ ਜਾਂ ਕਰਨ ਵਾਲੀਆਂ ਬੱਚੀਆਂ ਅਤੇ ਇਸਤਰੀਆਂ ਹਨ, ਕੋਈ ਪੁਰੁਸ਼ ਓਹਨਾਂ ਵਿੱਚ ਸ਼ਾਮਲ ਨਹੀਂ । ਇਸ ਲਈ ਇਹਨਾਂ ਮਾਸੂਮਾਂ ਦੀਆਂ ਕੁਰਬਾਨੀਆਂ, ਉਹਨਾਂ ਨਰਕਾਂ ਨੂੰ ਨੇੜੇ ਲਿਆ ਰਹੀਆਂ ਹਨ ਅਤੇ ਇੰਸ਼ਾਅਲੱਾਹ ਤਆਲਾ ਇਹ ਕਦੇ ਵੀ ਅਜਾਈਂ ਨਹੀਂ ਜਾਣਗੀਆਂ । ਇਸ ਘਟਨਾ ਦੀ ਜੋ ਰਿਪੋਰਟ ਹੈ ਕੁਝ ਹਾਲਾਤ ਹਨ, ਉਹ ਵੀ ਮੈਂ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ :

ਇਹਨਾਂ ਸ਼ਹੀਦਾਂ ਵਿੱਚ ਜੋ ਇਸਤਰੀ ਸ਼ਹੀਦ ਹੋਈ ਹਨ, ਉਹਨਾਂ ਦਾ ਨਾਂ ਬੁਸ਼ਰਾ ਬੇਗ਼ਮ ਸਾਹਿਬਾ ਸੀ ਜੋ ਮੁਕਰਮ ਮੁਨੀਰ ਅਹਮਦ ਸਾਹਬ ਸਵਰਗਵਾਸੀ ਦੀ ਪਤਨੀ ਸਨ । ਜੋ ਬੱਚੀਆਂ ਹਨ, ਉਹ ਅਜ਼ੀਜ਼ਹ ਹਿਰਾ ਤਬਸੁੱਮ ਸਪੁਤੱਰੀ ਮੁਕਰਮ ਮੁਹਮੱਦ ਬੂਟਾ ਸਾਹਬ ਅਤੇ ਕਾਇਨਾਤ ਤਬਸੁੱਮ ਸਪੁਤੱਰੀ ਮੁਹਮੱਦ ਬੂਟਾ ਸਾਹਬ । ਇਸ ਘਟਨਾ ਨੂੰ ਉਝ ਤਾਂ ਸਾਰਿਆਂ ਨੇ ਸੁਣ ਹੀ ਲਿਆ ਹੈ, ਵੱਖ ਵੱਖ ਥਾਵਾਂ ਉਪੱਰ ਆ ਚੁੱਕਿਆ ਹੈ । ਪਰ ਫ਼ਿਰ ਵੀ ਮੈਂ ਬਿਆਨ ਕਰ ਦਿੰਦਾ ਹਾਂ ਕਿ 27 ਜੁਲਲਈ 2014 ਈ. ਨੂੰ ਕੱਚੀ ਪੰਪ ਵਾਲੀ ਅਰਫ਼ਾਤ ਕਾਲੋਨੀ ਗੁਜਰਾਂਵਾਲਾ ਵਿੱਚ ਅਹਮਦੀਅਤ ਦੇ ਮੁਖ਼ਾਲਫ਼ ਦਹਿਸ਼ਤ ਪਸੰਦਾਂ ਨੇ ਅਹਮਦੀ ਲੋਕਾਂ ਦੇ ਘਰਾਂ ਉਪੱਰ ਹਮਲਾ ਕੀਤਾ । ਘਰਾਂ ਨੂੰ ਅੱਗ ਲਾ ਦਿੱਤੀ, ਜਿਸ ਦੇ ਸਿੱਟੇ ਵਿੱਚ ਬੁਸ਼ਰਾ ਬੇਗ਼ਮ ਸਾਹਿਬਾ ਸੁਪਤਨੀ ਮੁਨੀਰ ਅਮਹਦ ਮਰਹੂਮ ਉਮਰ 55 ਸਾਲ ਅਤੇ ਦੋ ਮਾਸੂਮ ਬੱਚੀਆਂ ਹਿਰਾ ਤਬਸੁੱਮ ਉਮਰ 6 ਸਾਲ ਅਤੇ ਕਾਇਨਾਤ ਤਬਸੁੱਮ ਉਮਰ 8 ਸਾਲ ਜੋ ਮੁਹਮੱਦ ਬੂਟਾ ਸਾਹਬ ਦੀਆਂ ਬੱਚੀਆਂ ਸਨ ਸ਼ਹੀਦ ਹੋਈਆਂ । ( اناللہواناالیہراجعون ) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਵਿਸਥਾਰ ਇਸ ਪ੍ਰਕਾਰ ਹੈ ਕਿ ਘਟਨਾ ਦੇ ਦਿਨ ਸ਼ਹੀਦ ਮਰਹੂਮ ਦੇ ਇਕ ਪੁਤੱਰ ਮਰਹੂਮਾ ਦੇ ਪੁਤੱਰ ਮੁਕਰੱਮ ਮੁਹਮੱਦ ਅਹਮਦ ਸਾਹਬ ਅਫ਼ਤਾਰੀ ਦੇ ਬਾਦ ਇਕ ਨੇੜਲੇ ਕਲੀਨਿਕ ਉਪੱਰ ਦਵਾਈ ਲੈਣ ਲਈ ਗਏ । ਓਥੇ ਉਹਨਾਂ ਨੇ ਦੇਖਿਆ ਕਿ ਉਹਨਾਂ ਦੇ ਚਚੇਰੇ ਭਰਾ ਵਕਾਸ ਅਹਮਦ ਨੂੰ ਕੁਝ ਲੋਕਾਂ ਨੇ ਰੋਕਿਆ ਹੋਇਆ ਹੈ । ਉਹਨਾਂ ਦੇ ਪੁਛੱਣ'ਤੇ ਕਿ ਕੀ ਮਾਮਲਾ ਹੋਇਆ ਹੈ, ਉਹਨਾਂ

ਲੋਕਾਂ ਨੇ ਇਸ ਨਾਲ ਵੀ ਬਦਕਲਾਮੀ ਸ਼ੁਰੂ ਕਰ ਦਿੱਤੀ ਅਤੇ ਦੋਸ਼ ਇਹ ਲਾਇਆ ਕਿ ਆਪ ਦੇ ਇਕ ਨੌਜੁਆਨ ਨੇ ਫ਼ੇਸਬੁਕ ਉਪੱਰ ਖ਼ਾਨਾ ਕਾਬਾ ਦੀ ਤਸਵੀਰ ਦੀ ਤੋਹੀਨ ਕੀਤੀ ਹੈ, ਨਉਜ਼ਬਿਲੱਾਹ । ਜਿਸ'ਤੇ ਉਹਨਾਂ ਨੇ ਕਿਹਾ ਕਿ ਅਸੀਂ ਤਾਂ ਅਜਿਹਾ ਸੋਚ ਵੀ ਨਹੀਂ ਸਕਦੇ । ਬਹਿਰਹਾਲ ਕੁਝ ਸਮੇਂ ਲਈ ਮਾਮਲਾ ਟਲ ਗਿਆ । ਥੋੜੀ ਦੇਰ ਬਾਦ ਹੀ ਉਹ ਡਾਕਟਰ ਸਾਹਬ ਜਿੰਨ੍ਹਾ ਦੀ ਕਲੀਨਿਕ ਸਾਹਮਣੇ ਇਹ ਮਾਮਲਾ ਹੋਇਆ ਸੀ । ਉਹਨਾਂ ਨੇ ਮੁਹਮੱਦ ਬੂਟਾ ਤੇ ਫ਼ਜ਼ਲ ਅਹਮਦ ਨੂੰ ਫ਼ੋਨ ਕਰਕੇ ਦੱਸਿਆ ਕਿ ਇੱਥੇ ਲੋਕ ਇਕੱਠੇ ਹੋ ਰਹੇ ਹਨ ਅਤੇ ਜਲੂਸ ਦਾ ਰੂਪ ਧਾਰ ਕੇ ਆਪ ਲੋਕਾਂ ਦੇ ਘਰਾਂ ਵੱਲ ਹਮਲੇ ਦੀ ਗ਼ਰਜ਼ ਨਾਲ ਆ ਰਹੇ ਹਨ । ਇਸੇ ਪ੍ਰਕਾਰ ਅੰਜੁਮਨ ਤਾਜਰਾਨ ਵੱਲੋਂ ਵੀ ਐਲਾਨ ਕੀਤਾ ਗਿਆ ਕਿ ਲੋਕ ਇਕੱਠੇ ਹੋ ਜਾਣ ਅਤੇ ਦੁਕਾਨਾਂ ਬੰਦ ਕਰ ਦੇਣ । ਪੱਕੀ ਪਲਾਨਿੰਗ ਸੀ ਇਹ । ਇਸ ਸੂਚਨਾ ਦੇ ਮਿਲਦਿਆ ਹੀ ਪੰਦਰ੍ਹਾਂ ਅਹਮਦੀ ਘਰਾਣਿਆ ਦੇ ਲੋਕ ਆਪਣੇ ਘਰਾਂ'ਚੋ ਨਿਕਲ ਗਏ । ਫਿਰ ਵੀ ਅਜੇ ਤੱਕ ਮੁਹਮੱਦ ਬੂਟਾ ਸਾਹਬ ਤੇ ਹੋਰ ਦੋ ਘਰਾਂ ਮੁਹਮੱਦ ਅਸਰਫ਼ ਸਾਹਬ ਸਦਰ ਜਮਾਤ ਅਤੇ ਉਹਨਾਂ ਦੇ ਭਾਈ ਦੀ ਫ਼ੈਮਲੀਜ਼ ਅਜੇ ਘਰਾਂ ਵਿੱਚ ਸੀ ਕਿ ਜਲੂਸ ਨੇ ਰਾਤ ਸਾਡੇ ਅੱਠ ਵਜੇ ਹਮਲਾ ਕਰ ਦਿੱਤਾ ਅਤੇ ਅਮਹਦੀ ਘਰਾਂ ਨੇੜੇ ਆਕੇ ਅਤਿ ਦੀ ਨਾਰੇਬਾਜ਼ੀ ਕੀਤੀ, ਫਾਇਰਿੰਗ ਵੀ ਕੀਤੀ ਅਤੇ ਨਾਲ ਹੀ ਘਰਾਂ ਦੇ ਬੰਦ ਬੂਹਿਆਂ ਨੂੰ ਭੰਨ੍ਹਣਾ ਵੀ ਅਰੰਭ ਦਿਤਾ । ਇਹਨਾਂ ਲੋਕਾਂ ਨੇ ਮਨਸੂਬਾ ਬਣਾਕੇ ਚਾਰੇ ਪਾਸਿਓਂ ਹਮਲਾ ਕੀਤਾ । ਇਸ ਘਟਨਾ ਮਗਰੋਂ ਸਦਰ ਜਮਾਤ ਨੇ ਝੱਟ ਐਸ.ਐਚ. ਓ. ਪੀਪਲਜ਼ ਕਾਲੋਨੀ ਨੂੰ ਸੂਚਿਤ ਕੀਤਾ ਜਿਸ'ਤੇ ਉਹਨਾਂ ਨੇ ਕਿਹਾ ਮੈਂ ਆਪ ਪੁਲਿਸ ਨਫ਼ਰੀ ਨਾਲ ਮੌਕੇ'ਤੇ ਮੌਜੂਦ ਹਾਂ ਅਤੇ ਮੈਂ ਹਮਲਾ ਆਵਰਾਂ ਨੂੰ ਵਾਰਤਾਲਾਪ ਲਈ ਆਪਣੇ ਨਾਲ ਲੈ ਜਾ ਰਿਹਾ ਹਾਂ । ਸੋ, ਵਾਸਤਵਿਕਤਾ ਇਹ ਹੈ ਕਿ ਉਹ ਉਹਨਾਂ ਨੂੰ ਨਾਲ ਲੈਕੇ ਨਹੀਂ ਗਿਆ ਅਤੇ ਇਸ ਵਿਚਕਾਰ ਦਸ਼ਿਤ ਗਰਦਾਂ ਨੇ ਮੁੜ ਹਮਲਾ ਕੀਤਾ, ਹਥੌੜੇ, ਗੈਂਤੀਆਂ ਅਤੇ ਅਸਲਾ ਸਭ ਕੁਝ ਉਹਨਾਂ ਨਾਲ ਸੀ । ਉਹਨਾਂ ਨਾਲ ਹੋਰ ਮਜਮਾ ਵੀ ਸ਼ਾਮਲ ਹੋ ਗਿਆ । ਆਉਂਦਿਆਂ ਹੀ ਉਹਨਾਂ ਨੇ ਪਹਿਲਾਂ ਬਿਜਲੀ ਦੇ ਮੀਟਰ ਤੋੜੇ ਤਾਰਾਂ ਕੱਟੀਆਂ । ਕਹਿੰਦੇ ਹਨ ਕਿ ਹਾਲਾਤ ਦੇ ਸੰਗੀਨ ਹੋਣ ਕਰਕੇ ਸਦਰ ਸਾਹਬ ਤੇ ਉਹਨਾਂ ਭਾਈ ਦੀ ਫ਼ੈਮਲੀਜ਼ ਨੇ ਛੱਤ ਰਾਹੀਂ ਗ਼ੈਰ ਅਹਮਦੀ ਗਵਾਂਢੀ ਜੋ ਕਿ ਅਹਿਲੇ ਕੁਰਆਨ ਸੀ ਦੇ ਘਰ ਵਿੱਚ ਪਨਾਹ ਲਈ । ਬਹਿਰਹਾਲ ਉਹ ਸ਼ਰੀਫ਼ ਆਦਮੀ ਸਨ, ਉਹਨਾਂ ਨੇ ਪਨਾਹ ਦਿੱਤੀ । ਜੱਦ ਕਿ ਮੁਹਮੱਦ ਬੂਟਾ ਸਾਹਬ ਅਤੇ ਉਹਨਾਂ ਦੇ ਭਾਈ ਫ਼ਜ਼ਲ ਅਹਮਦ ਸਾਹਬ ਦੀ ਫ਼ੈਮਲੀਜ਼ ਆਪਣੇ ਹੀ ਘਰ ਦੀ ਉਪੱਰੀ ਮੰਜ਼ਲ ਦੇ ਇਕ ਕਮਰੇ ਵਿੱਚ ਜਾਕੇ ਲੁੱਕ ਗਈਰਆਂ । ਇੰਨ੍ਹੇ ਚਿਰ ਵਿੱਚ ਦਹਿਸ਼ਤ ਪਸੰਦਾਂ ਨੇ ਘਰ ਵਿੱਚ ਦਾਖ਼ਲ ਹੋਕੇ ਉਪੱਰੀ ਮੰਜ਼ਲ ਦੇ ਇਸ ਕਮਰੇ ਦਾ ਜਿਸ ਵਿੱਚ ਇਹ ਗਿਆਰਾਂ ਇਸਤਰੀਆਂ ਤੇ ਬੱਚੇ ਬੰਦ ਸਨ ਬੂਹਾ ਭੰਨ੍ਹਣ ਦਾ ਜਤਨ ਕੀਤਾ । ਜੱਦ ਬੂਹਾ ਨ ਟੁੱਟਾ ਤਾਂ ਉਹਨਾਂ ਨੇ ਕਮਰੇ ਦੇ ਤਾਲੇ ਵਿੱਚ ਐਲਫ਼ੀ ਪਾ ਦਿੱਤੀ ਤਾਂ ਜੋ ਅੰਦਰੋਂ ਵੀ ਨਾ ਖੁੱਲੇ, ਬੂਹਾ ਸੀਲ ਹੋ ਜਾਵੇ ਅਤੇ ਕਮਰੇ ਦੀ ਖਿੜਕੀ ਦੇ ਸ਼ੀਸ਼ੇ ਤੋੜ ਦਿੱਤੇ ਅਤੇ ਪਲਾਸਟਿਕ ਦਾ ਸਮਾਨ ਤੇ ਹੋਰ ਚੀਜ਼ਾ ਇਕੱਠੀਆਂ ਕਰਕੇ ਐਨ ਬੂਹੇ ਤੇ ਖਿੜਕੀ ਦੇ ਬਾਹਰ ਅੱਗ ਲਾ ਦਿੱਤੀ । ਇਸ ਅੱਗ ਦਾ ਜ਼ਹਿਰੀਲਾ ਧੂੰਆਂ ਬੂਹੇ ਹੇਠੋਂ ਅਤੇ ਟੁੱਟੀ ਖਿੜਕੀ ਵਿੱਚੋਂ ਸਾਰੇ ਕਮਰੇ ਵਿੱਚ ਭਰ ਗਿਆ ਅਤੇ ਜ਼ਾਲਮ ਦਹਿਸ਼ਤ ਪਸੰਦਾਂ ਨੇ ਅੱਗ ਲਾਉਂਣ ਬਾਦ ਇਸ ਖ਼ਿੜਕੀ ਸਾਹਮਣੇ ਹੱਥ ਲਹਿਰਾਕੇ ਅੰਦਰ ਰਹਿਣ ਵਾਲਿਆਂ ਨੂੰ ਠੱਠੇ ਦੇ ਰੂਪ ਵਿੱਚ ਅਲਵਿਦਾ ਕਿਹਾ ਅਤੇ ਚਲੇ ਗਏ । ਜਿਸ ਵਿੱਚ ਗਿਆਰਾਂ ਅਹਮਦੀ ਇਸਤਰੀਆਂ ਤੇ ਬੱਚੇ ਬੰਦ ਸਨ । ਧੂੰਏ ਕਰਕੇ ਬੁਸ਼ਰਾ ਬੇਗ਼ਮ ਸਾਹਿਬਾ ਅਤੇ ਉਹਨਾਂ ਦੀਆਂ ਦੋ ਪੋਤੀਆਂ ਹਿਰਾ ਤਬਸੁੱਮ ਤੇ ਕਾਇਨਾਤ ਤਬਸੁੱਮ ਸ਼ਹੀਦ ਹੋ ਗਈਆਂ । (اناللہوانااليہراجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਸਾਹ ਰੁਕਣ ਕਰਕੇ । ਹਮਲਾ ਆਵਰ ਐਨ੍ਹੇ ਭੜਕੇ ਹੋਏ ਸਨ ਕਿ ਉਹਨਾਂ ਨੇ ਮੌਕੇ ਤੋਂ ਜ਼ਖ਼ਮੀਆਂ ਨੂੰ ਚੁਕੱਣ ਅਤੇ ਅੱਗ ਬੁਝਾਉਂਣ ਲਈ ਆਈਆਂ ਹਸਪਤਾਲ ਦੀਆਂ ਐਮਰਜੈਂਸੀ ਐਂਬੂਲੈਂਸਾਂ ਅਤੇ ਇਕ ਦੂਜੀ ਐਮਰਜੈਂਸੀ ਐਬੂਲੈਂਸ ਤੇ ਫਾਇਰ ਬ੍ਰਿਗੇਡ ਗੱਡੀ ਨੂੰ ਵੀ ਭਜਾ ਦਿੱਜਾ ਅਤੇ ਸਾਰੇ ਦਹਿਸ਼ਤ ਪਸੰਦ ਘਰਾਂ ਨੂੰ ਅਗੱਾਂ ਲਾਉਂਦੇ ਰਹੇ ਜਲਾਉਂਦੇ ਰਹੇ ਅਤੇ ਨਾਲ ਨਰਦੇ ਵੀ ਰਹੇ ਜੱਦ ਕਿ ਪੁਲਿਸ ਇਹ ਸਾਰੀ ਕਾਰਵਾਈ ਮੌਕੇ'ਤੇ ਖੜ੍ਹੀ ਤਮਾਸ਼ਾਈ ਬਣੀ ਦੇਖ ਰਹੀ ਸੀ । ਕਿਸੇ ਪ੍ਰਕਾਰ ਵੀ ਭੜਕੇ ਹੋਏ ਲੋਕਾਂ ਨੂੰ ਰੋਕਣ ਦਾ ਜਤਨ ਨਹੀਂ ਕੀਤਾ ਗਿਆ ।

ਇਸ ਘਟਨਾਂ ਵਿੱਚ ਸ਼ਹੀਦ ਹੋਣ ਵਾਲੀ ਮੁਕਰੱਮਾ ਬੁਸ਼ਰਾ ਬੇਗ਼ਮ ਸਾਹਿਬਾ ਸ਼ਹੀਦ ਦੇ ਪਰਿਵਾਰ ਵਿੱਚ ਅਹਮਦੀਅਤ ਦਾ ਪੌਦਾ ਉਹਨਾਂ ਦੇ ਦਾਦਾ ਮਿਆਂ ਸ਼ਹਾਬੁੱਦੀਨ ਸਾਹਬ ਆਫ਼ ਲੋਧੀ ਨੰਗਲ ਰਾਹੀਂ ਹੋਇਆ ਸੀ । ਜਿੰਨ੍ਹਾ ਨੂੰ ਦੂਜੀ ਖ਼ਿਲਾਫ਼ਤ ਸਮੇਂ ਬੈਅਤ ਕਰਕੇ ਜਮਾਤ ਵਿੱਚ ਦਾਖ਼ਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ । ਉਹਨਾਂ ਦਾ ਵਿਆਹ 1976 ਈ. ਵਿੱਚ ਮੁਨੀਰ ਅਹਮਦ ਸਾਹਬ ਨਾਲ ਗੁਜਰਾਂਵਾਲਾ ਵਿੱਚ ਹੋਇਆ ਅਤੇ ਇਥੇ ਆ ਗਈ । ਇਹਨਾ ਦੇ ਪਤੀ ਮੁਨੀਰ ਅਹਮਦ ਸਾਹਬ ਵੀ ਛੇ ਮਹੀਂਨੇ ਪਹਿਲਾਂ ਫ਼ੌਤ ਹੋ ਚੁਕੇ ਸਨ । ਹੋਰਨਾਂ ਦੋਵੇਂ ਸ਼ਹੀਦ ਬੱਚੀਆਂ ਹਿਰਾ ਤਬਸੁੱਮ ਤੇ ਕਇਨਾਤ ਤਬਸੁੱਮ ਇਹਨਾ ਦੀਆਂ ਪੋਤੀਆਂ ਸਨ । ਇਹ ਸ਼ਹੀਦ ਮਰਹੂਮਾ ਅਲੱਾਹ ਦੀ ਅਪਾਰ ਕ੍ਰਿਪਾ ਨਾਲ ਪੰਜ ਵੇਲੇ ਦੀ ਨਮਾਜ਼ੀ ਤੇ ਤਹਜੁੱਦ ਗੁਜ਼ਾਰ ਤਲਾਵਤ ਕਰਨ ਵਾਲੀ ਤੇ ਮਿਲਨਸਾਰ, ਹਮਦਰਦ, ਮਹਿਮਾਨ ਨਵਾਜ਼ ਤੇ ਉਚੱ ਆਚਰਣ ਦੀ ਮਾਲਕ ਸਨ । ਪਸ਼ੂਆਂ ਤੇ ਪੰਛੀਆਂ ਨੂੰ ਦਾਣਾ ਤੇ ਖ਼ੁਰਾਕ ਪਾਉਂਣੀ ਉਹਨਾਂ ਦਾ ਨਿਤ ਦਾ ਕੰਮ ਸੀ । ਭਾਵੇਂ ਉਹਨਾਂ ਕੋਲ ਅਹੁਦਾ ਕੋਈ ਨਹੀਂ ਸੀ ਪਰ ਜੱਦ ਵੀ ਜਮਾਤੀ ਸੇਵਾ ਦੀ ਲੋੜ ਹੁੰਦੀ ਤਾਂ ਝੱਟ ਅੱਗੇ ਅੱਗੇ ਹੁੰਦੀਂ । ਸ਼ਹੀਦੀ ਤੋਂ ਇਕ ਦਿਨ ਪਹਿਲਾਂ ਉਹਨਾਂ ਨੇ ਮੁਹੱਲੇ ਵਿੱਚ ਇਫ਼ਤਾਰੀ ਵੀ ਕਰਾਈ ਸੀ ਅਤੇ ਸ਼ਹੀਦ ਹੋਣ ਵਾਲੀ ਪੋਤੀ ਹਿਰਾ ਤਬਸੁੱਮ ਨੇ ਘਰਾਂ ਵਿੱਚ ਜਾਕੇ ਇਫ਼ਤਾਰੀ ਵੰਡੀ ਸੀ ।

ਅਮੀਰ ਸਾਹਬ ਗੁਜਰਾਂਵਾਲਾ ਨੇ ਦੱਸਿਆ ਕਿ ਸਾਰੀ ਫ਼ੈਮਲੀ ਬਹੁਤ ਹੀ ਸ਼ਰੀਫ਼ ਤੇ ਮੁਖ਼ਲਸ ਅਤੇ ਜਮਾਤੀ ਗ਼ੈਰਤ ਰੱਖਣ ਵਾਲੀ ਹੈ । ਜਿਸ ਖੇਤਰ ਵਿੱਚ ਇਹ ਲੋਕ ਵਸਦੇ ਹਨ, ਇਹ ਹਲਕਾ ਵੀ ਇਹਨਾਂ ਹੀ ਲੋਕਾਂ ਕਰਕੇ ਬਣਿਆ ਸੀ ਅਤੇ ਉਹਨਾਂ ਨੇ ਨਮਾਜ਼ ਸੈਂਟਰ ਵੀ ਬਣਾਇਆ ਹੋਇਆ ਸੀ । ਚੰਦੇ ਅਤੇ ਹੋਰਨਾ ਜਮਾਤੀ ਤਹਿਰੀਕਾਂ ਵਿੱਚ ਵੱਧ ਰੜ੍ਹਕੇ ਭਾਗ ਵਾਲੇ ਸਨ । ਹਰ ਪੱਖੋਂ ਤੇ ਹਰ ਸਮੇਂ ਜਮਾਤ ਨਾਲ ਸਾਥ ਦੇਣ ਤੇ ਅਗਿਆਕਾਰੀ ਵਿੱਚ ਅੱਗੇ ਰਹਿੰਦੇ ਸਨ । ਸ਼ਹੀਦ ਮਰਹੂਮਾ ਨੇ ਆਪਣੇ ਪਿੱਛੇ ਤਿੰਨ ਪੁਤੱਰ ਅਤੇ ਦੋ ਪੁਤੱਰੀਆਂ ਛੱਡੀਆਂ ਹਨ । ਇਕ ਪੱਤਰ ਤਾਂ ਇੱਥੇ ਹੀ ਹਨ, ਮੁਹਮੱਦ ਬੂਟਾ ਸਾਹਬ, ਜਿੰਨ੍ਹਾ ਦੀਆਂ ਦੋ ਬੇਟੀਆਂ ਸ਼ਹੀਦ ਹੋਈਆਂ ਹਨ । ਜੋ ਦੋ ਬੱਚੀਆਂ ਸ਼ਹੀਦ ਹੋਈਆਂ ਹਨ ਉਹਨਾਂ ਦੇ ਪਿੱਛੇ ਉਹਨਾਂ ਦੇ ਮਾਤਾ ਪਿਤਾ ਅਤੇ ਇਕ ਭਾਈ ਆਤਾਉਲ ਵਾਸੇ ਉਮਰ ਪੰਜ ਸਾਲ ਅਤੇ ਇਕ ਭੈਣ ਸਿਦਰਾਤੁੰਨੂਰ ਉਮਰ ਤਿੰਨ ਸਾਲ ਹੈ ।

ਅਠਾਰ੍ਹਾਂ ਘਰ ਹਨ ਇਸ ਖੇਤਰ ਵਿੱਚ ਜੋ ਆਪੋ ਵਿੱਚ ਰਿਸ਼ਤੇਦਾਰ ਹਨ, ਇਸ ਸਮੇਂ ਰਬਵਾ ਵਿੱਚ ਹਨ । ਜਿਵੇਂ ਕਿ ਮੈਂ ਦੱਸਿਆ ਹਮਲਾ ਆਵਰਾਂ ਨੇ ਛੇ ਘਰਾਂ ਦਾ ਸਾਮਾਨ, ਛੇ ਘਰਾਂ ਨੂੰ ਸਮਾਨ ਸਮੇਤ ਸਾੜ੍ਹ ਦਿੱਤਾ ਜਿਨ੍ਹੰਾ ਵਿੱਚ ਮੁਹਮੱਦ ਅਫ਼ਜ਼ਲ ਸਾਹਬ ਦਾ ਘਰ ਹੈ, ਅਸ਼ਰਫ਼ ਸਾਹਬ ਦਾ, ਬੂਟਾ ਸਾਹਬ ਦਾ, ਸਲੀਮ ਸਾਹਬ ਦਾ, ਖ਼ਲੀਲ ਸਾਹਬ ਦਾ ਅਤੇ ਫ਼ਿਰੋਜ਼ੁੱਦੀਨ ਸਾਹਬ ਦਾ ਘਰ ਹੈ, ਜੱਦ ਕਿ ਦੋ ਘਰਾਂ ਦੀ ਤੋੜ ਫੋੜ ਕੀਤੀ, ਉਹਨਾਂ ਦਾ ਕੇਵਲ ਸਮਾਨ ਕੱਢਕੇ ਸਾੜਿਆ ਹੈ । ਮਾਸਟਰ ਬਸ਼ੀਰ ਅਹਮਦ ਸਾਹਬ ਅਤੇ ਮੁਬੱਸ਼ੱਰ ਸਾਹਬ ਇਹਨਾਂ ਤੋਂ ਬਿਨਾਂ ਪੰਜ ਅਹਮਦੀ ਵਿਅਕਤੀਆਂ ਦੀਆਂ ਦੁਕਾਨਾਂ ਨੂੰ ਵੀ ਪੂਰਨ ਰੂਪ ਵਿੱਚ ਲੁਟੱਣ ਦੇ ਬਾਦ ਅੱਗ ਲਾ ਦਿੱਤੀ ਗਈ । ਇਸੇ ਪ੍ਰਕਾਰ ਹਲਕੇ ਦੇ ਨਮਾਜ਼ ਸੈਂਟਰ ਨੂੰ ਵੀ ਅੱਗ ਲਾਕੇ ਸ਼ਹੀਦ ਕਰ ਦਿੱਤਾ ਗਿਆ । ਇਹ ਹਨ ਇਹਨਾਂ ਦੇ ਅਤਿਆਚਾਰਾਂ ਦੀਆਂ ਕਾਰਵਾਈਆਂ ਦੀ ਸੰਖੇਪ ਜਿਹੀ ਦਾਸਤਾਨ ਜਾਂ ਹਾਲਾਤ । ਜਿੰਨ੍ਹਾ ਲਈ ਰੱਬ ਕਹਿੰਦਾ ਹੈ ਕਿ ਜੇਕਰ ਇਹ ਤੋਬਾ (ਪਸ਼ਚਾਤਾਪ) ਨਹੀਂ ਕਰਨਗੇ ਤਾਂ ਨਰਕ ਦਾ ਅਜ਼ਾਬ ਅਤੇ ਅਜ਼ਾਬੁਲ ਹਰੀਕ ਇਹਨਾਂ ਲਈ ਮੁਕਦੱਰ ਹੈ । ਅਲੱਾਹ ਤਆਲਾ ਕੁਫ਼ਰ ਨੂੰ ਵੀ ਛੇਤੀ ਮੁਕਾਉਂਣ ਦੇ ਸਾਧਨ ਕਰੇ ਅਤੇ ਇਹਨਾਂ ਅਗੱਾਂ ਲਾਉਂਣ ਵਾਲਿਆਂ ਵਿੱਚ ਜੋ ਅੱਗੇ ਅੱਗੇ ਹਨ ਉਹਨਾਂ ਦੀ ਪਕੜ ਦਾ ਵੀ ਸਾਧਨ ਕਰੇ । ਇਹਨਾਂ ਸ਼ਹੀਦਾਂ ਦੇ ਦਰਜੇ ਤਾਂ ਅਲੱਾਹ ਤਆਲਾ ਬੁਲੰਦ ਕਰਦਾ ਹੀ ਹੈ, ਉਹਨਾਂ ਦੇ ਪਿੱਛੇ ਰਹਿਣ ਵਾਲਿਆਂ ਨੂੰ ਵੀ ਸਬਰ ਤੇ ਹੌਂਸਲੇ ਬਖ਼ਸ਼ੇ । ਵਿਸ਼ੇਸ਼ ਤੌਰ'ਤੇ ਉਹਨਾਂ ਮਾਂਪਿਆਂ ਤੇ ਭੈਣ ਭਰਾ ਨੂੰ ਜਿੰਨ੍ਹਾ ਦੇ ਮਾਸੂਮ ਬੱਚੀਆਂ ਤੇ ਭੈਣਾ ਨੂੰ ਉਹਨਾਂ ਤੋਂ ਅੱਡ ਕੀਤਾ ਗਿਆ ਹੈ । ਅਲੱਾਹ ਤਆਲਾ ਰੋਗੀਆਂ ਨੂੰ ਵੀ ਛੇਤੀ ਤੋਂ ਛੇਤੀ ਸ਼ਿਫ਼ਾ ਪ੍ਰਦਾਨ ਕਰੇ । ਉਹਨਾਂ ਦੇ ਮਾਲੀ ਨੁਕਸਾਨ ਨੂੰ ਵੀ ਆਪਣੀ ਮਿਹਰ ਨਾਲ ਪੂਰਾ ਕਰੇ ਅਤੇ ਪਹਿਲਾਂ ਤੋਂ ਵੱਧਕੇ ਬਖ਼ਸ਼ੇ । ਆਮੀਨ ।